# ਕਿਊ ਫੀਵਰ

## Q fever

## ਕਿਊ ਫੀਵਰ ਕੀ ਹੈ?

ਕਿਊ ਫੀਵਰ ਇੱਕ ਬਿਮਾਰੀ ਹੈ ਜੋ ਜਾਨਵਰਾਂ ਤੋਂ ਮਨੁੱਖਾਂ ਤੱਕ ਫੈਲਦੀ ਹੈ। ਇਹ ਸਾਰੇ ਸੰਸਾਰ ਵਿੱਚ ਮੌਜੂਦ ਹੈ। ਕਿਊ ਫੀਵਰ *ਕੌਕਸੀਐਲਾ ਬਰਨੇਟੀ* (*Coxiella burnetii*) ਬੈਕਟੀਰੀਆ ਕਰਕੇ ਹੁੰਦਾ ਹੈ। ਇਹ ਬੈਕਟੀਰੀਆ ਧੂੜ ਜਾਂ ਮਿੱਟੀ ਵਿੱਚ ਮਹੀਨਿਆਂ ਅਤੇ ਸਾਲਾਂ ਤੱਕ ਵੀ ਰਹਿ ਸਕਦੇ ਹਨ।

## ਕਿਊ ਫੀਵਰ ਦੇ ਲੱਛਣ ਕੀ ਹਨ?

ਕਿਊ ਫੀਵਰ ਹੋਣ ਵਾਲੇ ਲਗਭਗ ਅੱਧੇ ਲੋਕ, ਬਿਮਾਰੀ ਦੇ ਕੋਈ ਲੱਛਣ ਨਹੀਂ ਦਰਸ਼ਾਉਣਗੇ। ਬਹੁਤੀ ਵਾਰ, ਕਿਊ ਫੀਵਰ ਨੂੰ ਥੋੜ੍ਹੇ ਸਮੇਂ ਦੀ ਵਾਇਰਲ ਬਿਮਾਰੀ ਜਿਵੇਂ ਕਿ ਇਨਫਲੂਐਂਜ਼ਾ ਸਮਝ ਲਿਆ ਜਾਂਦਾ ਹੈ।

ਲਾਗ ਤੋਂ ਬਾਅਦ 2 ਤੋਂ 3 ਹਫ਼ਤਿਆਂ ਵਿੱਚ ਪ੍ਰਗਟ ਹੋ ਸਕਣ ਵਾਲੇ ਲੱਛਣਾਂ ਵਿੱਚ ਸ਼ਾਮਲ ਹਨ:

- ਤੇਜ਼ੀ ਨਾਲ ਬੁਖਾਰ ਦੀ ਸ਼ੁਰੂਆਤ
- ਠੰਢ ਲਗਣਾ ਅਤੇ ਪਸੀਨਾ ਆਉਣਾ
- ਸਿਰਦਰਦ
- ਮਾਸਪੇਸ਼ੀਆਂ ਵਿੱਚ ਦਰਦ
- ਬੇਚੈਨੀ (ਬਿਮਾਰ ਮਹਿਸੂਸ ਕਰਨ ਦੀ ਆਮ ਭਾਵਨਾ)

ਜ਼ਿਆਦਾਤਰ ਮਾਮਲਿਆਂ ਵਿੱਚ, ਬਿਮਾਰੀ 2 ਹਫ਼ਤਿਆਂ ਤੋਂ ਘੱਟ ਰਹਿੰਦੀ ਹੈ ਅਤੇ ਖਾਸ ਡਾਕਟਰੀ ਇਲਾਜ ਦੀ ਲੋੜ ਨਹੀਂ ਹੁੰਦੀ ਹੈ। ਹਾਲਾਂਕਿ, ਕੁਝ ਲੋਕਾਂ ਨੂੰ ਨਮੂਨੀਆ, ਜਿਗਰ ਦੀ ਲਾਗ, ਜਾਂ ਦਿਮਾਗ ਅਤੇ ਤੰਤੂ ਪ੍ਰਣਾਲੀ ਨੂੰ ਪ੍ਰਭਾਵਿਤ ਕਰਨ ਵਾਲੀਆਂ ਦੁਰਲੱਭ ਸਥਿਤੀਆਂ ਹੋ ਸਕਦੀਆਂ ਹਨ। ਇਹਨਾਂ ਮਾਮਲਿਆਂ ਵਿੱਚ, ਉਹਨਾਂ ਨੂੰ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸਲਾਹ-ਮਸ਼ਵਰਾ ਕਰਨ ਦੀ ਲੋੜ ਹੋਵੇਗੀ।

ਇਸ ਬਿਮਾਰੀ ਕਰਕੇ ਹੋਣ ਵਾਲੀਆਂ ਜਟਿਲਤਾਵਾਂ ਬਹੁਤ ਦੁਰਲੱਭ ਹੁੰਦੀਆਂ ਹਨ। ਜੇ ਤੁਸੀਂ ਇੱਕ ਵੱਡੀ ਉਮਰ ਦੇ ਬਾਲਗ ਹੋ ਜਾਂ ਤੁਹਾਡੀ ਇਮਿਊਨ ਸਿਸਟਮ ਕਮਜ਼ੋਰ ਹੈ ਤਾਂ ਇੰਨ੍ਹਾਂ ਦੇ ਹੋਣ ਦੀ ਜ਼ਿਆਦਾ ਸੰਭਾਵਨਾ ਹੈ।

ਦਿਲ ਦੇ ਖਰਾਬ ਜਾਂ ਨਕਲੀ ਵਾਲਵਾਂ ਵਾਲੇ ਲੋਕ ਜਿਨ੍ਹਾਂ ਨੂੰ ਕਿਊ ਫੀਵਰ ਹੁੰਦਾ ਹੈ, ਉਹਨਾਂ ਨੂੰ ਐਂਡੋਕਾਰਡਾਈਟਿਸ, ਦਿਲ ਦੀ ਸੋਜਸ਼ ਦਾ ਵਧਿਆ ਹੋਇਆ ਜੋਖਮ ਹੁੰਦਾ ਹੈ। ਗਰਭ ਅਵਸਥਾ ਦੇ ਦੌਰਾਨ ਕਿਊ ਫੀਵਰ ਹੋਣ ਵਾਲੇ ਲੋਕਾਂ ਦਾ ਗਰਭਪਾਤ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ।

## ਕਿਊ ਫੀਵਰ ਕਿਵੇਂ ਫੈਲਦਾ ਹੈ?

ਬੱਕਰੀਆਂ, ਭੇਡਾਂ, ਗਾਵਾਂ ਮੱਝਾਂ, ਬਿੱਲੀਆਂ, ਪੰਛੀਆਂ, ਕੁੱਤਿਆਂ ਅਤੇ ਚਿੱਚੜਾਂ ਵਰਗੇ ਜਾਨਵਰਾਂ ਦੇ ਮਾਸ ਅਤੇ ਸਰੀਰ ਦੇ ਤਰਲ ਪਦਾਰਥਾਂ ਵਿੱਚ ਕਿਊ ਫੀਵਰ ਦੇ ਬੈਕਟੀਰੀਆ ਹੋ ਸਕਦੇ ਹਨ। ਇਹਨਾਂ ਬੈਕਟੀਰੀਆ ਦੀ ਸਭ ਤੋਂ ਵੱਧ ਸੰਖਿਆ ਬੱਚੇਦਾਨੀ, ਪਲੈਸੈਂਟਾ ਅਤੇ ਜਨਮ ਦੇ ਤਰਲ ਪਦਾਰਥਾਂ ਸਮੇਤ ਜਨਮ ਵਿੱਚ ਸ਼ਾਮਲ ਟਿਸ਼ੂਆਂ ਵਿੱਚ ਪਾਈ ਜਾਂਦੀ ਹੈ।

ਕਿਊ ਫੀਵਰ ਬਹੁਤ ਛੂਤ ਵਾਲਾ ਹੁੰਦਾ ਹੈ ਅਤੇ ਥੋੜ੍ਹੇ ਜਿਹੇ ਬੈਕਟੀਰੀਆ ਵੀ ਤੁਹਾਨੂੰ ਬਿਮਾਰ ਕਰ ਸਕਦੇ ਹਨ।

ਬੈਕਟੀਰੀਆ ਧੂੜ ਨੂੰ ਦੂਸ਼ਿਤ ਕਰ ਸਕਦੇ ਹਨ ਅਤੇ ਸਾਹ ਲੈਣ 'ਤੇ ਤੁਹਾਨੂੰ ਸੰਕਰਮਿਤ ਕਰ ਸਕਦੇ ਹਨ। ਇਸ ਦੀ ਸੰਭਾਵਨਾ ਉਦੋਂ ਵੱਧ ਹੁੰਦੀ ਹੈ ਜਦੋਂ ਕੋਈ ਸੰਕਰਮਿਤ ਜਾਨਵਰ ਆਪਣੀ ਔਲਾਦ ਨੂੰ ਜਨਮ ਦਿੰਦਾ ਹੈ ਜਾਂ ਉਸਦਾ ਗਰਭਪਾਤ ਕਰ ਦਿੰਦਾ ਹੈ। ਤੁਸੀਂ ਦੂਸ਼ਿਤ ਜਾਨਵਰਾਂ ਦੇ ਟਿਸ਼ੂ ਜਾਂ ਤਰਲ ਪਦਾਰਥਾਂ ਨੂੰ ਛੂਹਣ ਤੋਂ ਬਾਅਦ ਆਪਣੇ ਚਿਹਰੇ ਨੂੰ ਛੂਹਣ ਨਾਲ ਵੀ ਬਿਮਾਰ ਹੋ ਸਕਦੇ ਹੋ।

ਬੈਕਟੀਰੀਆ ਸੰਕਰਮਿਤ ਜਾਨਵਰਾਂ ਦੇ ਕੱਚੇ ਦੁੱਧ ਵਿੱਚ ਵੀ ਮੌਜੂਦ ਹੋ ਸਕਦਾ ਹੈ। ਪੈਸਚੁਰਾਈਜ਼ ਨਾ ਕੀਤਾ ਗਿਆ, ਦੂਸ਼ਿਤ ਦੁੱਧ ਪੀਣ ਨਾਲ ਤੁਹਾਨੂੰ ਕਿਊ ਫੀਵਰ ਹੋ ਸਕਦਾ ਹੈ। ਇਹ ਬਿਮਾਰੀ ਵਿਰਲੇ ਹੀ, ਜੇ ਕਦੇ ਅਜਿਹਾ ਹੁੰਦਾ ਹੈ, ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਫੈਲਦੀ ਹੈ।

## ਕਿਊ ਫੀਵਰ ਦਾ ਇਲਾਜ ਕੀ ਹੈ?

ਕਿਊ ਫੀਵਰ ਹੋਣ ਵਾਲੇ ਜ਼ਿਆਦਾਤਰ ਲੋਕ ਕਿਸੇ ਖਾਸ ਡਾਕਟਰੀ ਇਲਾਜ ਦੇ ਬਿਨਾਂ ਠੀਕ ਹੋ ਜਾਂਦੇ ਹਨ। ਵਧੇਰੇ ਗੰਭੀਰ ਮਾਮਲਿਆਂ ਵਿੱਚ, ਕਿਊ ਫੀਵਰ ਦੇ ਇਲਾਜ ਲਈ ਐਂਟੀਬਾਇਓਟਿਕਸ ਦੀ ਵਰਤੋਂ ਕੀਤੀ ਜਾਂਦੀ ਹੈ।

## ਕਿਊ ਫੀਵਰ ਦਾ ਜੋਖਮ ਕਿਸ ਨੂੰ ਹੈ?

ਕਿਊ ਫੀਵਰ ਦੇ ਬੈਕਟੀਰੀਆ ਖੇਤੀ ਵਾਲੇ ਖੇਤਰਾਂ ਵਿੱਚ ਮੌਜੂਦ ਹੋ ਸਕਦੇ ਹਨ ਅਤੇ ਕਿਸੇ ਵੀ ਅਜਿਹੇ ਵਿਅਕਤੀ ਨੂੰ ਪ੍ਰਭਾਵਿਤ ਕਰ ਸਕਦੇ ਹਨ ਜੋ ਬਾਹਰ ਕੰਮ ਕਰਦਾ ਹੈ ਅਤੇ ਦੂਸ਼ਿਤ ਮਿੱਟੀ ਜਾਂ ਧੂੜ ਦੇ ਸੰਪਰਕ ਵਿੱਚ ਹੈ।

ਹਵਾ ਰਾਹੀਂ ਫੈਲਣ ਵਾਲੇ ਬੈਕਟੀਰੀਆ, ਹਵਾ ਦੇ ਰੁੱਖ ਦੇ ਨਾਲ, ਇੱਕ ਕਿਲੋਮੀਟਰ ਜਾਂ ਇਸ ਤੋਂ ਵੱਧ, ਦੂਰ ਲਿਜਾਏ ਜਾ ਸਕਦੇ ਹਨ। ਬੈਕਟੀਰੀਆ ਇਮਾਰਤਾਂ ਜਿਵੇਂ ਕਿ ਫਾਰਮ ਬਿਲਡਿੰਗਾਂ ਅਤੇ ਸੰਕਰਮਿਤ ਜਾਨਵਰਾਂ ਦੀ ਰਿਹਾਇਸ਼ ਵਾਲੀਆਂ ਪ੍ਰਯੋਗਸ਼ਾਲਾਵਾਂ ਵਿੱਚੋਂ ਇੱਕ ਕਮਰੇ ਤੋਂ ਦੂਜੇ ਕਮਰੇ ਵਿੱਚ ਵੀ ਆਸਾਨੀ ਨਾਲ ਫੈਲਦਾ ਹੈ।

ਕਿਉ ਫੀਵਰ ਲਈ ਵਧੇਰੇ ਜੋਖਮ ਵਾਲੇ ਲੋਕਾਂ ਵਿੱਚ ਸ਼ਾਮਲ ਹਨ:

- ਕਿਸਾਨ, ਪਸ਼ੂ ਪਾਲਕ ਅਤੇ ਖੇਤ ਮਜ਼ਦੂਰ ਜੋ ਬੱਕਰੀਆਂ, ਭੇਡਾਂ ਅਤੇ ਪਸ਼ੂਆਂ ਦੇ ਸੰਪਰਕ ਵਿੱਚ ਹੁੰਦੇ ਹਨ, ਖਾਸ ਕਰਕੇ ਜਨਮ ਪ੍ਰਕਿਰਿਆ ਦੇ ਦੌਰਾਨ
- ਸਟਾਕਯਾਰਡ ਵਰਕਰ
- ਪਸ਼ੂਆਂ ਦੇ ਟਰੱਕਾਂ ਦੇ ਡਰਾਈਵਰ, ਟਰੱਕਾਂ ਨੂੰ ਸਰਵਿਸ ਕਰਨ ਵਾਲੇ ਕਰਮਚਾਰੀ ਅਤੇ ਜਾਨਵਰਾਂ ਦੀ ਨਿਲਾਮੀਆਂ ਵਿੱਚ ਜਾਣ ਵਾਲੇ ਵਿਜ਼ਟਰ
- ਮੀਟ ਪੈਕਰ, ਰੈਂਡਰਿੰਗ (rendering) ਪਲਾਂਟ ਦੇ ਵਰਕਰ, ਖੱਲ ਅਤੇ ਉੱਨ ਨਾਲ ਕੰਮ ਕਰਨ ਵਾਲੇ
- ਸ਼ਿਕਾਰੀ ਅਤੇ ਟ੍ਰੈਪਰ
- ਪਸ਼ੂ ਖੋਜਕਾਰ ਅਤੇ ਸਹਾਇਕ ਸਟਾਫ
- ਪਾਲਤੂ ਜਾਨਵਰਾਂ ਅਤੇ ਪਸ਼ੂਆਂ ਦੀ ਦੇਖਭਾਲ ਕਰਦਨ ਵਾਲੇ ਕਰਮਚਾਰੀ ਜਿਵੇਂ ਕਿ ਵੈਟਰਨਰੀ ਸਟਾਫ ਅਤੇ ਚਿੜੀਆਘਰ ਦੇ ਸੇਵਾਦਾਰ
- ਕੁਝ ਸਿਹਤ ਸੰਭਾਲ ਕਰਮਚਾਰੀ ਜਿਨ੍ਹਾਂ ਦਾ ਸੰਕਰਮਿਤ ਟਿਸ਼ੂ ਜਾਂ ਸਰੀਰਕ ਤਰਲ ਪਦਾਰਥਾਂ ਨਾਲ ਸੰਪਰਕ ਹੁੰਦਾ ਹੈ

## ਕਿਉ ਫੀਵਰ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ?

- ਪਸ਼ੂਆਂ ਅਤੇ ਘਰੇਲੂ ਜਾਨਵਰਾਂ ਦੇ ਜਨਮ ਦੇਣ ਦੇ ਸਮੇਂ ਵਾਲੇ ਸਾਰੇ ਉਤਪਾਦਾਂ ਦਾ ਉਚਿਤ ਤੌਰ 'ਤੇ ਨਿਪਟਾਰਾ ਕਰੋ। ਇਸ ਵਿੱਚ ਪਲੈਸੈਂਟਾ, ਭਰੂਣ ਦੀਆਂ ਝਿੱਲੀਆਂ ਅਤੇ ਗਰਭਪਾਤ ਕੀਤੇ ਭਰੂਣ ਸ਼ਾਮਲ ਹਨ। ਜਨਮ ਦੇਣ ਦੇ ਸਮੇਂ ਵਾਲੇ ਉਤਪਾਦਾਂ ਨੂੰ ਜਲਾ ਦਿਓ ਜਾਂ ਦਫ਼ਨਾ ਦਿਓ, ਜਿਵੇਂ ਕਿ ਇਜਾਜ਼ਤ ਦਿੱਤੀ ਗਈ ਹੈ
- ਜਾਨਵਰਾਂ ਨੂੰ ਜਨਮ ਦੇਣ ਦੇ ਸਮੇਂ ਵਾਲੇ ਉਤਪਾਦਾਂ ਦੇ ਆਲੇ ਦੁਆਲੇ ਹੋਣ ਦੀ ਇਜਾਜ਼ਤ ਨਾ ਦਿਓ
- ਜਿੱਥੇ ਵੀ ਸੰਭਵ ਹੋਵੇ, ਜਾਨਵਰਾਂ ਦੇ ਜਨਮ ਦੇਣ ਲਈ ਵੱਖਰੀਆਂ ਅੰਦਰੂਨੀ ਸਹੂਲਤਾਂ ਰੱਖੀਆਂ ਜਾਣੀਆਂ ਚਾਹੀਦੀਆਂ ਹਨ
- ਪਬਲਿਕ ਨੂੰ ਸੰਕਰਮਿਤ ਹੋ ਸਕਣ ਵਾਲੇ ਜਾਨਵਰਾਂ ਨੂੰ ਰੱਖਣ ਲਈ ਵਰਤੇ ਜਾਣ ਵਾਲੇ ਬਾਰਨਾਂ ਅਤੇ ਪ੍ਰਯੋਗਸ਼ਾਲਾਵਾਂ ਤੋਂ ਬਾਹਰ ਰੱਖੋ
- ਸਿਰਫ਼ ਪੈਸਚੁਰਾਈਜ਼ ਕੀਤੇ ਦੁੱਧ ਅਤੇ ਦੁੱਧ ਦੇ ਉਤਪਾਦਾਂ ਦਾ ਸੇਵਨ ਕਰੋ
- ਆਯਾਤ ਕੀਤੇ ਜਾਨਵਰਾਂ ਨੂੰ ਅਲੱਗ ਰੱਖੋ
- ਸੰਕਰਮਿਤ ਜਾਨਵਰਾਂ ਨੂੰ ਕੰਟਰੋਲ ਕਰੋ
- ਜਾਨਵਰਾਂ ਦੀ ਨਿਯਮਤ ਤੌਰ 'ਤੇ ਜਾਂਚ ਕਰੋ ਕਿਉਂਕਿ ਸੰਕਰਮਿਤ ਜਾਨਵਰ ਲੱਛਣ ਨਹੀਂ ਦਿਖਾਉਂਦੇ ਹਨ
- ਬਾਰਨਾਂ ਜਾਂ ਪ੍ਰਯੋਗਸ਼ਾਲਾਵਾਂ ਤੋਂ ਹੋਰ ਰਹਿਣ ਵਾਲੇ ਖੇਤਰਾਂ ਵਿੱਚ ਹਵਾ ਦੇ ਪ੍ਰਵਾਹ ਨੂੰ ਰੋਕਣ ਲਈ ਉਪਾਅ ਕਰੋ
- ਇਹਨਾਂ ਜਾਨਵਰਾਂ (ਖਾਸ ਕਰਕੇ ਗਰਭਵਤੀ ਜਾਨਵਰਾਂ) ਨਾਲ ਕੰਮ ਕਰਦੇ ਸਮੇਂ ਰੱਖਿਅਕ ਕੱਪੜਿਆਂ, ਦਸਤਾਨਿਆਂ ਅਤੇ ਮਾਸਕਾਂ ਦੀ ਵਰਤੋਂ ਕਰੋ
- ਈਥੇਨੌਲ ਦੇ 70% ਘੋਲ ਜਾਂ ਕੁਆਟਰਨਰੀ ਅਮੋਨੀਅਮ ਮਿਸ਼ਰਣ ਵਾਲੇ ਕੀਟਾਣੂਨਾਸ਼ਕ, ਜਿਵੇਂ ਕਿ ਪੇਸ਼ੇਵਰ ਲਾਇਸੋਲ ਨਾਲ ਸਤਹਾਂ ਨੂੰ ਸਹੀ ਤਰ੍ਹਾਂ ਰੋਗਾਣੂ ਮੁਕਤ ਕਰੋ
- ਦੂਸ਼ਿਤ ਕਚਰੇ ਦਾ ਸਹੀ ਢੰਗ ਨਾਲ ਨਿਪਕਾਰਾ ਕਰੋ
- ਜਿਹੜੇ ਲੋਕ ਗਰਭਵਤੀ ਹਨ ਉਨ੍ਹਾਂ ਨੂੰ ਪਸ਼ੂਆਂ ਦੇ ਜਨਮ ਦੇਣ ਵਿੱਚ ਮਦਦ ਨਹੀਂ ਕਰਨੀ ਚਾਹੀਦੀ
- ਫਾਰਮਾਂ, ਪਸ਼ੂਆਂ ਦੀਆਂ ਨਿਲਾਮੀਆਂ ਜਾਂ ਸ਼ੋਅ ਦੇਖਣ ਜਾਣ ਸਮੇਂ, ਧਿਆਨ ਨਾਲ ਸਫਾਈ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਇਸ ਵਿੱਚ ਤੁਹਾਡੇ ਹੱਥ, ਜੁੱਤੇ, ਵਾਹਨ ਅਤੇ ਟਰਾਂਸਪੋਰਟ ਟ੍ਰੇਲਰ ਸ਼ਾਮਲ ਹਨ

ਇਹ ਹੈਲਥਲਿੰਕਬੀਸੀ ਫਾਈਲ ਅੰਸ਼ਿਕ ਤੌਰ 'ਤੇ ਕਨੇਡੀਅਨ ਸੈਂਟਰ ਫਾਰ ਆਕੂਪੇਸ਼ਨਲ ਹੈਲਥ ਐਂਡ ਸੇਫਟੀ (CCOHS) ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਤੋਂ ਅਨੁਕੂਲਿਤ ਕੀਤੀ ਗਈ ਸੀ: www.ccohs.ca/oshanswers/diseases/qfever.html।

BC Centre for Disease Control
Provincial Health Services Authority